# ਸਕੂਲ ਵਿਚ ਹਾਜ਼ਰੀ ਦੇ ਮਾਮਲੇ

## ਮਾਪਿਆਂ ਅਤੇ ਕੇਅਰਰਜ਼ (ਦੇਖਭਾਲ ਕਰਨੇ ਵਾਲੇ) ਲਈ ਜਾਣਕਾਰੀ

ਜੇ ਤੁਸੀਂ ਨਿਊਹੈਮ ਵਿਚ ਰਹਿੰਦੇ ਹੋ ਅਤੇ ਤੁਹਾਡੇ ਪਾਸ ਬਹੁਤ ਲਾਜ਼ਮੀ ਸਕੂਲ ਜਾਣ ਵਾਲੀ ਉਮਰ ਦੇ ਬੱਚੇ ਹਨ ਤਾਂ ਤੁਹਾਡੇ ਜਾਨਣੇ ਲਈ ਇੱਥੇ ਕੁਝ ਜ਼ਰੂਰੀ ਗੱਲਾਂ ਦਿੱਤੀਆਂ ਗਈਆਂ ਹਨ। ਨਿਊਹੈਮ ਕਾਊਂਸਲ ਤੁਹਾਡੀ ਸਹਾਇਤਾ ਕਰਨਾ ਚਾਹੁਦੀ ਹੈ, ਇਹ ਨਿਸਚਿਤ ਕਰਨ ਲਈ ਕਿ ਤੁਹਾਡੇ ਬੱਚੇ ਆਪਣੀ ਪੜ੍ਹਾਈ ਵਿਚ ਵੱਧ ਤੋਂ ਵੱਧ ਫ਼ਾਇਦਾ ਉਠਾ ਸੱਕਣ। ਪ੍ਰਾਪਤ ਕੀਤੀ ਹੋਈ ਅੱਛੀ ਵਿਦਿਆ ਜ਼ਿੰਦਗੀ ਵਿਚ ਅੱਛੇ ਮੌਕੇ, ਚੰਗੀਆਂ ਨੌਕਰੀਆਂ ਜਾਂ ਕੰਮਾਂ ਦੇ ਮੌਕੇ ਅਤੇ ਜ਼ਿਆਦਾ ਪੈਸੇ ਕਮਾਉਂਣ ਦਾ ਰਸਤਾ ਦਿਖਾਉਂਦੀ ਹੈ। ਇਹ ਬੱਚਿਆਂ ਨੂੰ ਸਮਾਜੀ ਤੌਰ ਤੇ ਮਿਲ ਵਰਤੋਂ ਸਿਖਣ ਵਿਚ, ਆਤਮ-ਵਿਸ਼ਵਾਸੀ ਬਣਨ ਵਿਚ ਅਤੇ ਅੱਛੇ ਨਾਗਰਿਕ ਬਣਨ ਵਿਚ ਮੱਦਦ ਕਰਦੀ ਹੈ ਤਾਂ ਕਿ ਉਹ ਸਮਾਜ ਵਿਚ ਆਪਣਾ ਨਿਸਚਿਤ ਯੋਗਦਾਨ ਪੇਸ਼ ਕਰ ਸੱਕਣ।

ਹੇਠਾਂ ਦਿੱਤੇ ਗਏ ਕੁਝ ਨੁਕਤੇ ਸਕਲ ਦੀ ਹਾਜ਼ਰੀ ਦੇ ਅਸੂਲਾਂ ਦੇ ਖਾਕੇ ਦੇ ਸੰਬੰਧ ਵਿਚ ਹਨ।

- ਫ਼ੁੱਲ-ਟਾਈਮ ਐਜੂਕੇਸ਼ਨ (ਪੂਰੇ ਵਕਤ ਦੀ ਪੜ੍ਹਾਈ) ਉਹਨਾਂ ਸਭ ਬੱਚਿਆਂ ਲਈ ਲਾਜ਼ਮੀ ਹੈ ਜਿਹਨਾਂ ਦੀ ਉਮਰ 5-17 ਸਾਲ ਦੇ ਦਰਮਿਆਨ ਹੈ (ਸਤੰਬਰ 2014 ਤੋਂ ਇਹ ਉਮਰ ਵਧ ਕੇ 18 ਸਾਲ ਤੱਕ ਹੋ ਜਾਵੇਗੀ)।
- ਨਿਊਹੈਮ ਕਾਊਂਸਲ ਦੀ ਪੌਲਿਸੀ ਹੈ ਕਿ ਸਾਰੇ ਬੱਚੇ ਸਤੰਬਰ ਦੇ ਮਹੀਨੇ ਵਿਚ ਸਕੂਲ ਸ਼ੁਰੂ ਕਰਨ, ਜਿਸ ਸਾਲ ਉਹ ਪੰਜ ਸਾਲ ਦੇ ਹੁੰਦੇ ਹਨ।
- ਜੇ ਤੁਸੀਂ ਕਿਸੇ ਸਕੂਲ ਵਿਚ ਜਗ੍ਹਾ ਲਈ ਅਰਜ਼ੀ ਦਿੰਦੇ ਹੋ ਪਰ ਤੁਸੀਂ ਉਸਨੂੰ ਮਨਜ਼ੂਰ ਨਹੀਂ ਕਰਦੇ ਹੋ ਤਾਂ ਤੁਹਾਨੂੰ ਪੁੱਛਿਆ ਜਾਵੇਗਾ ਕਿ ਤੁਸੀਂ ਆਪਣੇ ਬੱਚੇ ਨੂੰ ਫ਼ੁੱਲ-ਟਾਈਮ ਐਜੂਕੇਸ਼ਨ ਪੇਸ਼ ਕਰਨੇ ਲਈ ਕੀ ਇੰਤਜ਼ਾਮ ਕਰ ਰਹੇ ਹੋ ਇਹ ਨਿਸਚਿਤ ਕਰਨੇ ਲਈ ਕਿ ਤੁਹਾਡੇ ਬੱਚੇ ਨੂੰ ਉਸ ਦੀ ਉਮਰ, ਯੋਗਤਾ ਅਤੇ ਜੇ ਉਸਨੂੰ ਕਿਸੇ ਵੀ ਤਰ੍ਹਾਂ ਦੀਆਂ ਖ਼ਾਸ ਵਿਦਿਅਕ ਜ਼ਰੂਰਤਾਂ ਦੀ ਲੋੜ ਹੈ ਤਾਂ ਉਸ ਦੇ ਮੁਤਾਬਿਕ ਉਸਨੂੰ ਮੁਨਾਸਿਬ ਵਿਦਿਆ ਮਿਲ ਸਕੇ।
- ਜ ਤੁਸੀਂ ਬੱਚੇ ਨੂੰ ਘਰ ਵਿਚ ਹੀ ਪੜ੍ਹਾ ਰਹੇ ਹੋ ਤਾਂ ਨਿਊਹੈਮ ਕਾਊਂਸਲ ਚੈੱਕ ਕਰੇਗੀ ਕਿ ਜਿਹੜੀ ਵਿਦਿਆ ਤੁਸੀਂ ਬੱਚੇ ਨੂੰ ਦੇ ਰਹੇ ਹੋ ਕੀ ਉਹ ਉਸ ਲਈ ਮੁਨਾਸਿਬ ਹੈ।
- ਜੇ ਤੁਸੀਂ ਆਪਣੇ ਬੱਚੇ ਦਾ ਦਾਖ਼ਲਾ ਕਿਸੇ ਆਜ਼ਾਦ ਸਕੂਲ (ਇੰਨਡੀਪੈਂਡੈਂਟ ਸਕੂਲ) ਵਿਚ ਜਾਂ ਕਿਸੇ ਧਾਰਮਿਕ ਸਕੂਲ (ਫ਼ੇਥ ਸਕੂਲ) ਵਿਚ ਲੈਂਦੇ ਹੋ ਤਾਂ ਮਿਹਰਬਾਨੀ ਕਰਕੇ ਇਸ ਬਾਰੇ ਅਟੈਂਨਡੈਂਸ ਸਰਵਿਸ ਵਾਲਿਆਂ ਨੂੰ ਸੂਚਿਤ ਕਰੋ (ਸੰਪਰਕ ਕਰਨੇ ਲਈ ਜਾਣਕਾਰੀ ਹੇਠਾਂ ਦਿੱਤੀ ਗਈ ਹੈ), ਨਹੀਂ ਤਾਂ ਤੁਹਾਡੇ ਬੱਚੇ ਨੂੰ 'ਚਾਈਲਡ ਮਿਸਿੰਗ ਫ਼੍ਰੌਮ ਐਜੂਕੇਸ਼ਨ' (CME) (ਬੱਚੇ ਦੀ ਪੜ੍ਹਾਈ ਪਛੜ ਰਹੀ ਹੈ ਲਈ ਘੋਸ਼ਿਤ ਕੀਤਾ ਜਾਵੇਗਾ। ਇਸ ਬਾਰੇ ਹਰ ਤਰ੍ਹਾਂ ਨਾਲ ਜਾਂਚ ਕੀਤੀ ਜਾਵੇਗੀ, ਇਹ ਨਿਸਚਿਤ ਕਰਨ ਲਈ ਕਿ ਤੁਹਾਡੇ ਬੱਚੇ ਨੂੰ ਸਹੀ ਵਿਦਿਆ ਪ੍ਰਾਪਤ ਹੋ ਰਹੀ ਹੈ ਕਿ ਨਹੀਂ।
- ਜਦੋਂ ਇੱਕ ਵਾਰੀ ਤੁਸੀਂ ਸਕੂਲ ਵਿਚ ਬੱਚੇ ਨੂੰ ਮਿਲੀ ਜਗ੍ਹਾ ਮਨਜ਼ੂਰ ਕਰ ਲੈਂਦੇ ਹੋ ਤਾਂ ਇਹ ਤੁਹਾਡੀ ਜ਼ਿਮੇਵਾਰੀ ਬਣਦੀ ਹੈ ਕਿ ਤੁਹਾਡਾ ਬੱਚਾ ਬਿਨਾਂ ਮਤਲਬ ਸਕੂਲੋਂ ਗੈਰਹਾਜ਼ਰ ਹੋਣ ਤੋਂ ਹਰ ਰੋਜ਼, ਸਮੇਂ ਸਿਰ ਸਕੂਲ ਵਿਚ ਹਾਜ਼ਰ ਹੋਵੇ। ਜੇ ਮਾਤਾ ਪਿਤਾ ਇਹ ਜ਼ਿੰਮੇਵਾਰੀ ਪੂਰੀ ਨਹੀਂ ਕਰਨਗੇ ਤਾਂ ਉਹਨਾਂ ਉੱਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।
- ਸਿਖਿਆ-ਕਾਲ ਜਾਂ ਟਰਮ ਦੇ ਦੌਰਾਨ ਛੁੱਟੀ ਲਈ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ।
- ਸਿਖਿਆ-ਕਾਲ ਜਾਂ ਟਰਮ ਦੇ ਦੌਰਾਨ ਬੱਚੇ ਨੂੰ ਸਕੂਲ ਤੋਂ ਬਾਹਰ ਲੈ ਜਾਣ ਲਈ ਜਾਂ ਗੈਰਹਾਜ਼ਰੀ ਜਾਂ ਸਮੇਂ ਸਿਰ ਸਕੂਲ ਨਾ ਪਹੁੰਚਣ ਦੇ ਕਾਰਣਾ ਕਰਕੇ ਪੈਨਲਟੀ ਨੋਟਿਸ ਜੁਰਮਾਨੇ ਜਾਰੀ ਕੀਤੇ ਜਾ ਸਕਦੇ ਹਨ।
- ਪੈਨਲਟੀ ਨੋਟਿਸ ਦੇ ਮੁਤਾਬਿਕ ਹਰ ਮਾਤਾ ਪਿਤਾ ਨੂੰ ਹਰ ਇੱਕ ਬੱਚੇ ਲਈ ਸੱਠ ਪੌਂਡ (£60) ਦਾ ਜੁਰਮਾਨਾ ਲਗਦਾ ਹੈ ਜੋ 21 ਦਿਨਾਂ ਦੇ ਅੰਦਰ ਅੰਦਰ ਦੇਣਾ ਪੈਂਦਾ ਹੈ। ਜੇ 21 ਦਿਨਾਂ ਦੇ ਅੰਦਰ ਨਹੀਂ ਦਿੱਤਾ ਗਿਆ ਪਰ 28 ਦਿਨਾਂ ਦੇ ਅੰਦਰ ਦਿੱਤਾ ਗਿਆ ਹੈ ਤਾਂ ਇਸ ਦੀ ਗਿਣਤੀ ਵੱਧ ਕੇ ਇੱਕ ਸੌ ਵੀਹ ਪੌਂਡ ਤੱਕ ਹੋ ਜਾਵੇਗੀ (£120)। ਜੇ ਇਹ ਜੁਰਮਾਨਾ ਬਿਲਕੁੱਲ ਨਾ ਭਰਿਆ ਗਿਆ ਤਾਂ ਫਿਰ ਆਪਣੇ ਆਪ ਹੀ ਤੁਹਾਡੇ ਖ਼ਿਲਾਫ਼ ਮੁਕੱਦਮਾ ਦਰਜ ਹੋ ਜਾਵੇਗਾ।

ਜੇ ਤੁਸੀਂ ਇਸ ਮੁਲਕ ਵਿਚ ਨਵੇਂ ਨਵੇਂ ਆਏ ਹੋ ਤਾਂ ਅਸੀਂ ਤੁਹਾਨੂੰ ਜੀ ਆਇਆਂ ਆਖਦੇ ਹਾਂ। ਜੇ ਤੁਸੀਂ ਅੰਗ੍ਰੇਜ਼ੀ ਸਿਖਣੀ ਜਾਂ ਉਸਨੂੰ ਸੁਧਾਰਨਾ ਚਾਹੁੰਦੇ ਹੋ ਤਾਂ ਆਪਣੇ ਬੱਚੇ ਦੇ ਸਕੂਲ ਵਿਚ ਪਤਾ ਕਰੋ, ਜਿੱਥੇ ਤੁਹਾਨੂੰ ਸਥਾਨਕ ਚੱਲ ਰਹੀਆਂ ਕਲਾਸਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ ਅਟੈਂਨਡੈਂਸ ਮੈਨੇਜਮੈਂਟ ਸਰਵਿਸ ਵਾਲਿਆਂ ਨਾਲ ਇਸ ਪਤੇ ਤੇ ਸੰਪਰਕ ਕਰੋ
ਟੈਲੀਫ਼ੋਨ: 020 3373 0390
ਈਮੇਲ: attendance.management@newham.gov.uk